ਈਰਾਨ ਤੋਂ ਜਹਾਜ਼ਾਂ ਨੂੰ ਬਚਾਉਣ ਲਈ ਉਨ੍ਹਾਂ 'ਚ ਹਥਿਆਰਬੰਦ ਫ਼ੌਜੀ ਤਾਇਨਾਤ ਕਰੇਗਾ ਅਮਰੀਕਾ

ਵਾਸ਼ਿੰਗਟਨ, 4 ਅਗੱਸਤ : ਖਾੜੀ 'ਚ ਈਰਾਨ ਅਤੇ ਅਮਰੀਕਾ ਵਿਚਾਲੇ ਸਥਿਤੀ ਵਿਗੜਦੀ ਜਾ ਰਹੀ ਹੈ। ਅਮਰੀਕਾ ਹੁਣ ਸਟਰੇਟ ਆਫ਼ ਹਾਰਮੁਜ਼ ਤੋਂ ਲੰਘਣ ਵਾਲੇ ਵਪਾਰਕ ਜਹਾਜ਼ਾਂ 'ਤੇ ਹਥਿਆਰਬੰਦ ਜਲ ਸੈਨਾ ਦੇ ਜਵਾਨਾਂ ਨੂੰ ਤਾਇਨਾਤ ਕਰੇਗਾ। ਇਹ ਉਹ ਖੇਤਰ ਹੈ ਜਿਥੋਂ ਦੁਨੀਆਂ ਵਿਚ ਸਪਲਾਈ ਕੀਤੇ ਜਾਣ ਵਾਲੇ ਕੁੱਲ ਤੇਲ ਦਾ 20 ਫ਼ੀ ਸਦੀ ਲੰਘਦਾ ਹੈ। ਅਮਰੀਕੀ ਅਧਿਕਾਰੀਆਂ ਨੇ ਇਸ ਦੀ ਜਾਣਕਾਰੀ ਦਿਤੀ। ਇਕ ਅਧਿਕਾਰੀ ਨੇ ਸਮਾਚਾਰ ਏਜੈਂਸੀ ਏਐਫ਼ਪੀ ਨੂੰ ਦਸਿਆ ਕਿ ਉਹ ਜਲਦੀ ਹੀ ਸੈਨਿਕਾਂ ਦੀ ਤਾਇਨਾਤੀ ਨਾਲ ਜੁੜੇ ਸਮਝੌਤੇ ਨੂੰ ਲਾਗੂ ਕਰਨਗੇ। ਇਸ ਦੇ ਨਾਲ ਹੀ ਜਦੋਂ ਅਧਿਕਾਰੀ ਤੋਂ ਪੁਛਿਆ ਗਿਆ ਕਿ ਕੀ ਇਸ ਤਾਇਨਾਤੀ ਨਾਲ ਈਰਾਨ ਦੀਆਂ ਫ਼ੌਜਾਂ ਨਾਲ ਤਣਾਅ ਨਹੀਂ ਵਧੇਗਾ। ਇਸ ਦੇ ਜਵਾਬ 'ਚ

ਅਧਿਕਾਰੀ ਨੇ ਕਿਹਾ ਕਿ ਇਹ ਉਨ੍ਹਾਂ (ਇਰਾਨ) 'ਤੇ ਨਿਰਭਰ ਕਰਦਾ ਹੈ। ਜੇਕਰ ਈਰਾਨ ਅੰਤਰਰਾਸ਼ਟਰੀ ਕਾਨੂੰਨਾਂ ਦੀ ਪਾਲਣਾ ਕਰਦਾ ਹੈ ਤਾਂ ਕੋਈ ਤਣਾਅ ਪੈਦਾ ਨਹੀਂ ਹੋਵੇਗਾ। ਦੂਜੇ ਪਾਸੇ ਜੇਕਰ ਉਨ੍ਹਾਂ ਦੇ ਪਾਸਿਉਂ ਕੋਈ ਹਮਲਾ ਹੁੰਦਾ ਹੈ ਤਾਂ ਅਸੀਂ ਵੀ ਜਵਾਬ ਦੇਣ ਲਈ ਤਿਆਰ ਹਾਂ।

ਈਰਾਨ ਨਾਲ ਵਧਦੇ ਤਣਾਅ ਦੇ ਵਿਚਕਾਰ ਅਮਰੀਕਾ ਨੇ ਪਿਛਲੇ ਮਹੀਨੇ ਖਾੜੀ ਵਿਚ ਲੜਾਕੂ ਜਹਾਜ਼ ਵੀ ਤਾਇਨਾਤ ਕੀਤੇ ਸਨ। ਇਕ ਅਧਿਕਾਰੀ ਨੇ ਅਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦਸਿਆ ਕਿ ਅਮਰੀਕਾ ਦਾ ਏ-10 ਹਮਲਾਵਰ ਜਹਾਜ਼ ਪਹਿਲਾਂ ਹੀ ਇਲਾਕੇ ਦੀ ਨਿਗਰਾਨੀ ਕਰ ਰਿਹਾ ਹੈ। ਹੁਣ ਐਫ਼-16 ਲੜਾਕੂ ਜਹਾਜ਼ ਵੀ ਤਾਇਨਾਤ ਕੀਤੇ ਗਏ ਹਨ।

ਅਮਰੀਕਾ ਨੇ ਖਾੜੀ 'ਚ ਇਸ ਕਾਰਵਾਈ ਦਾ ਕਾਰਨ ਈਰਾਨ ਤੋਂ ਜਹਾਜ਼ਾਂ ਨੂੰ ਬਚਾਉਣ ਨੂੰ ਦਸਿਆ ਸੀ। ਅਮਰੀਕਾ ਨੇ ਇਸ ਖੇਤਰ ਵਿਚ 3000 ਸੈਨਿਕ ਤਾਇਨਾਤ ਕਰਨ ਦੀ ਗੱਲ ਵੀ ਕੀਤੀ ਸੀ। ਵ੍ਹਾਈਟ ਹਾਊਸ ਦੇ ਬੁਲਾਰੇ ਜੌਨ ਕਿਰਬੀ ਨੇ ਕਿਹਾ ਸੀ ਕਿ ਹਰਮੁਜ਼ ਦੱਰਾ ਦੁਨੀਆਂ ਲਈ ਬਹੁਤ ਮਹੱਤਵਪੂਰਨ ਸਮੁੰਦਰੀ ਰਸਤਾ ਹੈ। ਅਸੀਂ ਦੇਖਿਆ ਹੈ ਕਿ ਕਿਵੇਂ ਈਰਾਨ ਇਸ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। (ਏਜੰਸੀ)

ਸਾਬਕਾ ਅਮਰੀਕੀ ਰਾਸ਼ਟਰਪਤੀ ਟਰੰਪ ਨੇ 2020 ਦੇ ਚੋਣ ਨਤੀਜਿਆਂ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਦੇ ਦੋਸ਼ਾਂ ਤੋਂ ਕੀਤਾ ਇਨਕਾਰ

ਵਾਸ਼ਿੰਗਟਨ, 4 ਅਗੱਸਤ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਬਦਲਣ ਦੀ ਕੋਸ਼ਿਸ਼ ਕਰਨ ਦੇ ਦੋਸ਼ਾਂ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਹੈ। ਟਰੰਪ ਇਥੇ ਇਕ ਸੰਘੀ ਅਦਾਲਤ ਵਿਚ ਪੇਸ਼ ਹੋਏ। ਉਨ੍ਹਾਂ ਨੇ ਭਾਰਤੀ-ਅਮਰੀਕੀ ਜੱਜ ਮੈਜਿਸਟਰੇਟ ਮੋਕਸ਼ੀਲਾ ਉਪਾਧਿਆਏ ਦੀ ਅਦਾਲਤ ਵਿਚ 'ਦੋਸ਼ ਨਾ ਮੰਨਣ ਸਬੰਧੀ ਪਟੀਸ਼ਨ ਦਾਖ਼ਲ ਕੀਤੀ ਹੈ। ਟਰੰਪ ਅਗਲੇ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਖੜ੍ਹੇ ਹੋਣ ਦੀ ਤਿਆਰੀ ਕਰ ਰਹੇ ਹਨ। ਉਹ ਵਾਹਨਾਂ ਦੇ ਵੱਡੇ ਕਾਫ਼ਲੇ ਨਾਲ ਅਦਾਲਤ ਕੰਪਲੈਕਸ ਵਿਚ ਪੁੱਜੇ। ਸੁਣਵਾਈ ਸ਼ੁਰੂ ਹੋਣ 'ਤੇ ਜੱਜ ਉਪਾਧਿਆਏ ਨੇ ਪੁਛਿਆ, 'ਇਕ ਤੋਂ ਚਾਰ ਦੋਸ਼ਾਂ 'ਤੇ ਟਰੰਪ ਦਾ ਕੀ ਕਹਿਣਾ ਹੈ?'' ਅਪਣੇ ਵਕੀਲਾਂ ਨਾਲ ਘਿਰੇ ਟਰੰਪ ਨੇ ਕਿਹਾ, 'ਕੋਈ ਅਪਰਾਧ ਨਹੀਂ ਕੀਤਾ।' (ਏਜੰਸੀ)

ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ 9 ਅਗੱਸਤ ਨੂੰ ਹੋਵੇਗੀ ਭੰਗ



ਇਸਲਾਮਾਬਾਦ, 4 ਅਗੱਸਤ : ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ 9 ਅਗੱਸਤ ਨੂੰ ਨੈਸ਼ਨਲ ਅਸੈਂਬਲੀ ਭੰਗ ਕਰਨ ਦਾ ਐਲਾਨ ਕੀਤਾ ਹੈ। ਇਹ ਫ਼ੈਸਲਾ ਵੀਰਵਾਰ ਰਾਤ ਨੂੰ ਸੰਸਦ ਮੈਂਬਰਾਂ ਦੇ ਸਨਮਾਨ 'ਚ ਆਯੋਜਤ ਰਾਤ ਦੇ ਖਾਣੇ ਅਤੇ ਨੇਤਾਵਾਂ ਨਾਲ ਬੈਠਕ ਤੋਂ ਬਾਅਦ ਲਿਆ ਗਿਆ। ਇਸ ਦੌਰਾਨ ਸ਼ਹਿਬਾਜ਼ ਨੇ ਮੀਟਿੰਗ 'ਚ ਮੌਜੂਦ ਲੋਕਾਂ ਨਾਲ ਦੇਸ਼ ਦੀ ਸਿਆਸੀ ਸਥਿਤੀ 'ਤੇ ਡੂੰਘਾਈ ਨਾਲ ਚਰਚਾ ਕੀਤੀ। ਰਿਪੋਰਟਾਂ ਅਨੁਸਾਰ ਇਸ ਦੌਰਾਨ ਪ੍ਰਧਾਨ ਮੰਤਰੀ ਸ਼ਹਿਬਾਜ਼ ਨੇ ਸੰਸਦ ਮੈਂਬਰਾਂ ਅਤੇ ਆਗੂਆਂ ਤੋਂ ਜਾਣਕਾਰੀ ਮੰਗੀ ਅਤੇ ਕੇਅਰਟੇਕਰ ਪ੍ਰਧਾਨ ਮੰਤਰੀ ਅਤੇ ਕੇਅਰਟੇਕਰ ਸੈਟਅਪ ਦੀ ਵਿਵਸਥਾ 'ਤੇ ਚਰਚਾ ਕੀਤੀ। (ਏਜੰਸੀ)

ਆਸਟਰੇਲੀਆ ਪੁਲਿਸ ਨੇ 39 ਮਿਲੀਅਨ ਡਾਲਰ ਤੋਂ ਵੱਧ ਦੀ ਭੰਗ ਕੀਤੀ ਜ਼ਬਤ, 11 ਲੋਕ ਗ੍ਰਿਫ਼ਤਾਰ

ਸਿਡਨੀ, 4 ਅਗੱਸਤ : ਨਸ਼ੀਲੇ ਪਦਾਰਥਾਂ 'ਤੇ ਰੋਕਥਾਮ ਲਗਾਉਣ ਦੇ ਉਦੇਸ਼ ਤਹਿਤ ਆਸਟਰੇਲੀਆਈ ਪੁਲਿਸ ਨੂੰ ਵੱਡੀ ਸਫ਼ਲਤਾ ਮਿਲੀ ਹੈ। ਆਸਟਰੇਲੀਆਈ ਪੁਲਿਸ ਨੇ ਛਾਪੇਮਾਰੀ ਦੌਰਾਨ ਕੁਈਨਜ਼ਲੈਂਡ ਸੂਬੇ ਵਿਚ ਲਗਭਗ 60 ਮਿਲੀਅਨ ਆਸਟਰੇਲੀਅਨ ਡਾਲਰ (ਲਗਭਗ 39.5 ਮਿਲੀਅਨ ਅਮਰੀਕੀ ਡਾਲਰ) ਦੀ ਕੈਨਾਬਿਸ (ਭੰਗ) ਜ਼ਬਤ ਕੀਤੀ ਅਤੇ 11 ਲੋਕਾਂ 'ਤੇ ਦੋਸ਼ ਲਗਾਏ ਹਨ। ਕੁਈਨਜ਼ਲੈਂਡ ਪੁਲਿਸ ਨੇ ਸ਼ੁੱਕਰਵਾਰ ਨੂੰ ਇਕ ਬਿਆਨ ਵਿਚ ਕਿਹਾ ਕਿ 28 ਜੁਲਾਈ ਨੂੰ ਕੂਨਮਬੂਲਾ ਵਿਚ ਇਕ ਖੋਜ ਵਾਰੰਟ ਲਾਗੂ ਕੀਤਾ ਗਿਆ ਸੀ, ਜਿਥੇ ਜਾਸੂਸਾਂ ਨੇ 50 ਮੀਟਰ ਦੀ ਲੰਬਾਈ ਅਤੇ 9 ਮੀਟਰ ਚੌੜਾਈ ਵਾਲੇ ਕਥਿਤ 11 ਗ੍ਰੀਨਹਾਊਸਾਂ ਦਾ ਪਤਾ ਲਗਾਇਆ ਸੀ।

ਗ੍ਰੀਨਹਾਊਸਾਂ ਵਿਚ 4,932 ਭੰਗ ਦੇ ਪੌਦੇ ਸਨ, ਜਿਸ ਦੀ ਅੰਦਾਜ਼ਨ ਸੜਕੀ ਕੀਮਤ 24.7 ਮਿਲੀਅਨ ਆਸਟਰੇਲੀਅਨ ਡਾਲਰ (ਲਗਭਗ 16.24 ਮਿਲੀਅਨ ਡਾਲਰ) ਸੀ। ਚਾਰ ਵਿਅਕਤੀਆਂ ਨੂੰ ਮੌਕੇ 'ਤੇ ਗ੍ਰਿਫ਼ਤਾਰ ਕੀਤਾ ਗਿਆ ਅਤੇ 3 ਅਕਤੂਬਰ, 2023 ਨੂੰ ਬੁੰਡਾਬਰਗ ਮੈਜਿਸਟਰੇਟ ਅਦਾਲਤ ਵਿਚ ਪੇਸ਼ ਕਰਨ ਲਈ ਹਿਰਾਸਤ ਵਿਚ ਲਿਆ ਗਿਆ। ਅਗਲੇ ਦਿਨ ਪੰਜਵੇਂ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਸ ਨੂੰ 24 ਅਗੱਸਤ ਨੂੰ ਬੁੰਡਬਰਗ ਮੈਜਿਸਟਰੇਟ ਅਦਾਲਤ ਵਿਚ ਪੇਸ਼ ਹੋਣ ਲਈ ਹਿਰਾਸਤ ਵਿਚ ਭੇਜ ਦਿਤਾ ਗਿਆ। (ਏਜੰਸੀ)

ਤਮੀਮ ਇਕਬਾਲ ਨੇ ਬੰਗਲਾਦੇਸ਼ ਕ੍ਰਿਕਟ ਟੀਮ ਦੀ ਛੱਡੀ ਕਪਤਾਨੀ

ਢਾਕਾ, 4 ਅਗੱਸਤ : ਖੱਬੇ ਹੱਥ ਦੇ ਬੱਲੇਬਾਜ਼ ਤਮੀਮ ਇਕਬਾਲ ਨੇ ਪਿੱਠ ਦੀ ਸੱਟ ਕਾਰਨ ਏਸ਼ੀਆ ਕੱਪ ਤੋਂ ਬਾਹਰ ਹੋਣ ਤੋਂ ਬਾਅਦ ਬੰਗਲਾਦੇਸ਼ ਇਕ ਰੋਜ਼ਾ ਟੀਮ ਦੀ ਕਪਤਾਨੀ ਛੱਡ ਦਿਤੀ ਹੈ। ਏਸ਼ੀਆ ਕੱਪ ਪਾਕਿਸਤਾਨ ਅਤੇ ਸ੍ਰੀਲੰਕਾ 'ਚ 31 ਅਗੱਸਤ ਤੋਂ 2 ਸਤੰਬਰ ਤਕ ਖੇਡਿਆ ਜਾਵੇਗਾ। 34 ਸਾਲਾ ਤਮੀਮ ਨੇ ਅਫ਼ਗ਼ਾਨਿਸਤਾਨ ਵਿਰੁਧ ਘਰੇਲੂ ਲੜੀ ਦੌਰਾਨ ਇਕ ਰੋਜ਼ਾ ਕ੍ਰਿਕਟ ਨੂੰ ਅਲਵਿਦਾ ਕਿਹਾ ਸੀ ਪਰ ਬਾਅਦ 'ਚ ਮੈਂ ਅਪਣਾ ਫ਼ੈਸਲਾ ਬਦਲ ਦਿਤਾ। ਉਨ੍ਹਾਂ ਪ੍ਰੈੱਸ ਕਾਨਫ਼ਰੰਸ 'ਚ ਕਿਹਾ, 'ਮੈਂ ਕਪਤਾਨੀ ਤੋਂ ਹਟ ਰਿਹਾ ਹਾਂ ਅਤੇ ਇਕ ਖਿਡਾਰੀ ਦੇ ਤੌਰ 'ਤੇ ਅਪਣਾ ਸਰਵਸ਼ੇਸ਼ਟ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਕਰਾਂਗਾ।' ਉਨ੍ਹਾਂ ਕਿਹਾ, 'ਸੱਟ ਦਾ ਮਾਮਲਾ ਹੈ। ਮੈਂ ਇਸ ਬਾਰੇ ਬੋਰਡ ਨੂੰ ਸੂਚਿਤ ਕਰ ਦਿਤਾ ਹੈ। ਮੈਂ ਹਮੇਸ਼ਾ ਟੀਮ ਨੂੰ ਪਹਿਲ ਦਿਤੀ ਹੈ। (ਏਜੰਸੀ)

ਜਾਪਾਨ ਦੇ ਓਕੀਨਾਵਾ 'ਚ ਤੂਫ਼ਾਨ ਨੇ ਮਚਾਈ ਤਬਾਹੀ, 2 ਲੋਕਾਂ ਦੀ ਮੌਤ ਤੇ 61 ਜ਼ਖ਼ਮੀ

ਟੋਕੀਉ, 4 ਅਗੱਸਤ : ਜਾਪਾਨ ਦੇ ਦਖਣੀ ਟਾਪੂ ਓਕੀਨਾਵਾ 'ਚ ਸ਼ਕਤੀਸ਼ਾਲੀ ਤੂਫ਼ਾਨ ਖਾਨੂਨ ਨੇ ਭਾਰੀ ਤਬਾਹੀ ਮਚਾਈ ਹੈ। ਤੂਫ਼ਾਨ ਦੇ ਜਾਰੀ ਰਹਿਣ ਕਾਰਨ ਘੱਟੋ-ਘੱਟ ਦੋ ਲੋਕਾਂ ਦੀ ਮੌਤ ਹੋ ਗਈ ਅਤੇ 61 ਹੋਰ ਜ਼ਖ਼ਮੀ ਹੋ ਗਏ। ਇਕ ਅਧਿਕਾਰੀ ਨੇ ਦਸਿਆ ਕਿ ਸਾਲ ਦੇ ਛੇਵੇਂ ਤੂਫ਼ਾਨ ਕਾਰਨ ਪ੍ਰੀਫ਼ੈਕਚਰ ਵਿਚ ਬਿਜਲੀ ਸਪਲਾਈ ਪ੍ਰਭਾਵਿਤ ਹੋਈ, ਜਿਸ ਨਾਲ ਓਕੀਨਾਵਾ ਵਿਚ 24 ਫ਼ੀ ਸਦੀ ਘਰਾਂ ਨੂੰ ਹਨੇਰੇ ਵਿਚ ਰਹਿਣਾ ਪਿਆ। (ਏਜੰਸੀ)

ਏਸ਼ੀਅਨ ਚੈਂਪੀਅਨਜ਼ ਟਰਾਫੀ: ਭਾਰਤੀ ਹਾਕੀ ਟੀਮ ਨੇ ਚੀਨ ਨੂੰ 7-2 ਨਾਲ ਹਰਾਇਆ

ਚੇਨਈ, 4 ਅਗੱਸਤ : ਕਪਤਾਨ ਹਰਮਨਪ੍ਰੀਤ ਸਿੰਘ ਅਤੇ ਵਰੁਣ ਕੁਮਾਰ ਦੇ ਦੋ ਗੋਲਾਂ ਦੀ ਬਦੌਲਤ ਭਾਰਤੀ ਹਾਕੀ ਟੀਮ ਨੇ ਵੀਰਵਾਰ ਨੂੰ ਇਥੇ ਮੇਅਰ ਰਾਧਾਕ੍ਰਿਸ਼ਨਨ ਹਾਕੀ ਸਟੇਡੀਅਮ ਵਿਚ ਏਸ਼ੀਆਈ ਚੈਂਪੀਅਨਜ਼ ਟਰਾਫੀ ਦੇ ਅਪਣੇ ਪਹਿਲੇ ਮੈਚ ਵਿਚ ਚੀਨ ਨੂੰ 7-2 ਨਾਲ ਹਰਾ ਦਿਤਾ। ਭਾਰਤ ਲਈ ਹਰਮਨਪ੍ਰੀਤ ਨੇ ਪੰਜਵੇਂ ਅਤੇ ਅੱਠਵੇਂ ਮਿੰਟ ਵਿਚ ਗੋਲ ਕੀਤੇ ਜਦਕਿ ਵਰੁਣ ਕੁਮਾਰ ਨੇ 19ਵੇਂ ਅਤੇ 30ਵੇਂ ਮਿੰਟ ਵਿਚ ਪੈਨਲਟੀ ਕਾਰਨਰ ਤੋਂ ਗੋਲ ਕੀਤੇ। (ਏਜੰਸੀ)

ਕੇਰਲ ਦੇ ਰਹਿਣ ਵਾਲੇ ਜਿਤਿਨ ਵਿਜਯਨ ਨੇ 42,431 ਫ਼ੁਟ ਦੀ ਉਚਾਈ ਤੋਂ ਮਾਰੀ ਛਾਲ

ਨਿਊਜ਼ੀਲੈਂਡ, 4 ਅਗੱਸਤ: ਕੇਰਲ ਦਾ ਰਹਿਣ ਵਾਲਾ ਜਿਤਿਨ (41) ਕੋਚੀ ਵਿਚ ਇਕ ਆਈ.ਟੀ. ਕੰਪਨੀ ਵਿਚ ਕੰਮ ਕਰਦਾ ਹੈ। ਉਸ ਨੇ 11 ਮਈ 2019 ਨੂੰ ਨਿਊਜ਼ੀਲੈਂਡ ਦੀ ਪਹਿਲੀ ਅਧਿਕਾਰਤ ਸਕਾਈਡਾਈਵਿੰਗ ਕੀਤੀ ਪਰ ਉਸ ਨੇ ਕਦੇ ਨਹੀਂ ਸੋਚਿਆ ਸੀ ਕਿ ਇਹ ਛਾਲ ਉਸ ਦੀ ਜ਼ਿੰਦਗੀ ਬਦਲ ਦੇਵੇਗੀ। ਉਚਾਈ ਤੋਂ ਹੇਠਾਂ

> ਮਹਿਜ਼ 60 ਦਿਨਾਂ 'ਚ 2 ਵਿਸ਼ਵ ਰੀਕਾਰਡ ਅਤੇ 2 ਏਸ਼ੀਆਈ ਰੀਕਾਰਡ ਬਣਾ ਕੇ ਆਲਮੀ ਪੱਧਰ 'ਤੇ ਕੀਤਾ ਭਾਰਤ ਦਾ ਨਾਂਅ ਰੌਸ਼ਨ

ਛਾਲ ਮਾਰਨ ਦਾ ਸ਼ੌਕ ਉਨ੍ਹਾਂ ਨੂੰ ਹੋਰ ਉਚਾ ਲੈ ਜਾਵੇਗਾ। 2019 ਤੋਂ ਉਸ ਦੀ ਛਾਲ ਦੀ ਰਫ਼ਤਾਰ ਨਹੀਂ ਰੁਕੀ ਅਤੇ ਉਸ ਨੇ 42,431 ਫੁਟ ਦੀ ਉਚਾਈ ਤੋਂ ਛਾਲ ਮਾਰ ਕੇ ਵਿਸ਼ਵ

ਰੀਕਾਰਡ ਬਣਾਇਆ। ਇੰਨਾ ਹੀ ਨਹੀਂ ਜਿਤਿਨ ਨੇ ਮਹਿਜ਼ 60 ਦਿਨਾਂ 'ਚ 3 ਵਿਸ਼ਵ ਰੀਕਾਰਡ ਬਣਾ ਕੇ ਆਲਮੀ ਪੱਧਰ 'ਤੇ ਭਾਰਤ ਦਾ ਨਾਂਅ ਰੌਸ਼ਨ ਕੀਤਾ ਹੈ।

ਜਿਤਿਨ ਨੇ ਕਿਹਾ, 'ਮੈਂ 2022 'ਚ ਐਵਰੈਸਟ ਬੇਸ ਕੈਂਪ ਗਿਆ ਸੀ। ਮੇਰੀ ਯੋਜਨਾ ਇਕ ਸਾਲ ਤਕ ਉਥੇ ਰਹਿ ਕੇ 29,000 ਫੁਟ ਦੀ ਦੁਨੀਆਂ ਦੀ ਸੱਭ ਤੋਂ ਉਚੀ ਚੋਟੀ ਐਵਰੈਸਟ 'ਤੇ ਤਿਰੰਗਾ ਲਹਿਰਾਉਣ ਦੀ ਸੀ ਪਰ ਮੇਰੇ ਪਰਵਾਰ ਨੇ ਇਹ ਜੋਖ਼ਮ ਉਠਾਉਣ ਵਿਚ ਮੇਰਾ ਸਾਥ ਨਹੀਂ ਦਿਤਾ। ਸਕਾਈਡਾਈਵਿੰਗ ਹੀ ਇਕ ਹੋਰ ਖੇਡ ਸੀ ਜਿਸ ਵਿਚ ਉਹ ਇੰਨਾ ਉਚਾ ਝੰਡਾ ਲਹਿਰਾ ਸਕਦਾ ਸੀ। ਇਸ ਲਈ ਉਸ ਨੇ ਅਪਣੇ ਪ੍ਰਵਾਰ ਨੂੰ ਮਨਾਇਆ ਅਤੇ ਫਿਰ ਸਕਾਈਡਾਈਵਿੰਗ ਕਰਨ ਲੱਗ ਪਿਆ। ਲੋੜੀਂਦੇ ਲਾਇਸੈਂਸ ਹਾਸਲ ਕੀਤੇ ਅਤੇ ਆਖ਼ਰਕਾਰ 42,431 ਫੁਟ 'ਤੇ ਤਿਰੰਗਾ ਲਹਿਰਾਉਣ ਦਾ ਅਪਣਾ ਸੁਪਨਾ ਪੂਰਾ ਕੀਤਾ। (ਏਜੰਸੀ)

ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼
ਅੰਸਾਰੀ ਨਗਰ, ਨਵੀਂ ਦਿੱਲੀ-110 608
ਪ੍ਰੀਖਿਆ ਸੈਕਸ਼ਨ
ਦਾਖਲਾ ਸੂਚਨਾ ਨੰ. 139/2023

ਏਆਈਆਈਐਮਐਸ-ਪੀਐਚ.ਡੀ. ਪ੍ਰੋਗਰਾਮ-ਜੁਲਾਈ 2023 ਸੈਸ਼ਨ

ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼, ਨਵੀਂ ਦਿੱਲੀ ਪੀਐਚ.ਡੀ. ਪ੍ਰੋਗਰਾਮ ਜੁਲਾਈ 2023 ਸੈਸ਼ਨ ਲਈ ਆਨਲੈਈਨ (ਸੀਬੀਟੀ) ਤਰੀਕੇ ਰਾਹੀਂ ਦਾਖਲਾ ਪ੍ਰੀਖਿਆ ਲਈ ਆਨਲਾਈਨ ਅਰਜ਼ੀਆਂ ਮੰਗਦਾ ਹੈ। ਵੇਰਵੇ ਹੇਠ ਦਿੱਤੇ ਅਨੁਸਾਰ ਹਨ :

ਅਰਜੀ ਦੀ ਆਨਲਾਈਨ ਰਜਿਸਟ੍ਰੇਸ਼ਨ ਲਈ ਮਿਤੀ

ਕੋਰਸ ਦਾ ਨਾਮ	ਖੁੱਲ੍ਹਾ	ਬੰਦ
ਪੀਐਚ.ਡੀ. ਪ੍ਰੋਗਰਾਮ	02.08.2023	16.08.2023 ਨੂੰ ਸ਼ਾਮ 05.00 ਵਜੇ

ਐਂਟਰੈਂਸ ਪ੍ਰੀਖਿਆ ਦੀ ਮਿਤੀ

ਕੋਰਸ ਦਾ ਨਾਮ	ਪ੍ਰੀਖਿਆ ਦੀ ਮਿਤੀ	ਪ੍ਰੀਖਿਆ ਦਾ ਸਮਾਂ
ਪੀਐਚ.ਡੀ. ਪ੍ਰੋਗਰਾਮ	02.09.2023 (ਸ਼ਨੀਵਾਰ)	ਸਵੇਰੇ 10.00 ਵਜੇ ਤੋਂ 11.30 ਵਜੇ ਤੱਕ

ਮਹੱਤਵਪੂਰਨ : ਪ੍ਰੋਸਪੈਕਟਸ, ਵਿਸਥਾਰਤ ਜਾਣਕਾਰੀ ਆਦਿ ਲਈ ਕ੍ਰਿਪਾ ਕਰਕੇ ਵੈਬਸਾਈਟ www.aiimsexams.ac.in 'ਤੇ ਜਾਓ। ਸਾਰੇ ਬਿਨੈਕਾਰਾਂ ਨੂੰ ਵਿਕਲਪਿਕ ਸੋਧ/ਵਾਧਾ/ਅਪਡੇਟ ਜਿਹੜੀ ਸਿਰਫ਼ ਵੇਬਸਾਈਟ 'ਤੇ ਅਪਲੋਡ ਕੀਤੀ ਜਾਵੇਗੀ ਲਗਾਤਾਰ ਦੇਖਣਾ ਜਰੂਰੀ ਹੈ।

AIIMS Exams cbc 17112/11/0020/2324

ਸਹੀ/-
ਸਹਾਇਕ ਕੰਟਰੋਲਰ (ਪ੍ਰੀਖਿਆ)

ਦਫਤਰ ਨਗਰ ਕੌਂਸਲ ਮੋਰਿੰਡਾ, ਜ਼ਿਲ੍ਹਾ ਰੂਪਨਗਰ

ਪੱਤਰ ਨੰ : MCM-23/1023 ਮਿਤੀ 02-08-2023

ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਕੌਂਸਲ ਮੋਰਿੰਡਾ ਵੱਲੋਂ ਕਜੋਲੀ ਵਾਟਰ ਵਰਕਸ ਤੋਂ ਮੋਰਿੰਡਾ ਸ਼ਹਿਰ ਨੂੰ ਪੀਣ ਪਾਲਾ ਪਾਣੀ ਮੁਹੱਈਆ ਕਰਵਾਉਣ ਸਬੰਧੀ AMRUT-2.0 ਸਕੀਮ ਤਹਿਤ ਵਾਟਰ ਟਰੀਟਮੈਂਟ ਪਲਾਂਟ ਲਗਾਉਣ ਸਬੰਧੀ ਮਤਾ ਨੰ 122 ਮਿਤੀ 28-9-2022 ਰਾਹੀਂ ਪ੍ਰਵਾਨਗੀ ਦਿੱਤੀ ਗਈ ਹੈ। ਇਸ ਪ੍ਰੋਜੈਕਟ ਸਬੰਧੀ ਨਗਰ ਕੌਂਸਲ ਮੋਰਿੰਡਾ ਨੂੰ ਕਜੋਲੀ ਵਾਟਰ ਵਰਕਸ ਤੋਂ ਲੈ ਕੇ ਮੋਰਿੰਡਾ ਤੱਕ ਦੇ ਰਕਬੇ ਅੰਦਰ ਲਗਭਗ 4-5 ਏਕੜ ਜਗ੍ਹਾ ਵਾਟਰ ਟਰੀਟਮੈਂਟ ਪਲਾਂਟ ਲਈ ਜ਼ਰੂਰਤ ਹੈ। ਇਸ ਲਈ ਜੇਕਰ ਕਿਸੇ ਵਿਅਕਤੀ ਪਾਸ ਆਪਣੀ ਮਾਲਕੀ ਵਾਲੀ ਜ਼ਮੀਨ ਹੈ ਤਾਂ ਉਹ ਉਕਤ ਮੰਤਵ ਲਈ ਆਪਣੀ ਮਾਲਕੀ ਵਾਲੀ ਜ਼ਮੀਨ ਵੇਚਣ ਦਾ ਇੱਛੁਕ ਹੈ ਤਾਂ ਉਹ ਆਪਣੀ ਜ਼ਮੀਨ ਦੀ ਮਾਲਕੀ ਸਬੰਧੀ ਦਸਤਾਵ